**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

1.ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)/(ਐ.ਸਿ)
ਪੰਜਾਬ।
2. ਰਾਜ ਦੇ ਸਮੂਹ ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਸਕੂਲ ਮੁਖੀ(ਵੈੱਬਸਾਈਟ ਰਾਹੀਂ)
3. ਰਾਜ ਦੇ ਸਮੂਹ ਬੀ.ਪੀ.ਈ.ਓ (ਵੈੱਬਸਾਈਟ ਰਾਹੀਂ)
4. ਰਾਜ ਦੇ ਸਮੂਹ ਸੈਂਟਰ ਹੈਡ ਟੀਚਰ(ਵੈੱਬਸਾਈਟ ਰਾਹੀਂ)
5. ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਦੇ ਮੁਖੀ(ਵੈੱਬਸਾਈਟ ਰਾਹੀਂ)

ਮੀਮੋ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2010/26804-26843
ਮਿਤੀ, ਚੰਡੀਗੜ੍ਹ: 24-02-2010

**ਵਿਸ਼ਾ:- ਸਕੂਲਾਂ ਦੇ ਦਾਖਲਾ -ਖਾਰਜ ਰਿਕਾਰਡ ਦੇ ਰੱਖ-ਰਖਾਵ ਸੰਬੰਧੀ।**

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਇਹ ਧਿਆਨ ਵਿੱਚ ਆਇਆ ਹੈ ਕਿ ਸਕੂਲਾਂ ਵਿੱਚ ਦਾਖਲਾ ਖਾਰਜ ਰਿਕਾਰਡ ਦਾ ਰੱਖ-ਰਖਾਵ ਚੰਗੀ ਤਰ੍ਹਾਂ ਨਹੀਂ ਕੀਤਾ ਜਾਂਦਾ, ਜਦੋਂ ਕਿ ਇਹ ਬਹੁਤ ਹੀ ਮਹੱਤਵਪੂਰਨ ਰਿਕਾਰਡ ਹੈ। ਅਧਿਆਪਕਾਂ ਦੁਆਰਾ ਕੀਤੀਆਂ ਬੇਧਿਆਨੀਆ ਕਾਰਨ ਕਈ ਵਾਰ ਵਿਦਿਆਰਥੀਆਂ ਸੰਬੰਧੀ ਕਿਸੇ ਕਿਸਮ ਦੀ ਸੂਚਨਾ ਦੇ ਗਲਤ ਇੰਦਰਾਜ਼ ਕਰ ਦਿੱਤੇ ਜਾਂਦੇ ਹਨ। ਜਿਸ ਕਾਰਨ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਬਹੁਤ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲ ਮੁਖੀਆਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਇਹ ਰਿਕਾਰਡ ਬਹੁਤ ਧਿਆਨ ਨਾਲ ਭਰਿਆ ਜਾਵੇ ਅਤੇ ਉਸਤੋਂ ਬਾਅਦ ਇਹ ਕਿਸੇ ਦੂਜੇ ਅਧਿਆਪਕ ਦੁਆਰਾ ਰੀ ਚੈੱਕ ਕਰਵਾਇਆ ਜਾਵੇ ਅਤੇ ਦੋਵੇਂ ਅਧਿਆਪਕਾਂ ਦੇ ਹਸਤਾਖਰ ਇਸ ਰਿਕਾਰਡ ਤੇ ਅੰਕਿਤ ਹੋਣ ਅਤੇ ਅੰਤਿਮ ਰੂਪ ਵਿੱਚ ਸਕੂਲ ਮੁਖੀ ਦੇ ਪ੍ਰਤੀ ਹਸਤਾਖਰ ਕਰਵਾਏ ਜਾਣ।

ਜਦੋਂ ਵੀ ਨਿਰੀਖਣ ਲਈ ਆਪ ਸਕੂਲਾਂ ਵਿੱਚ ਜਾਂਦੇ ਹੋ ਤਾਂ ਰੈਂਡਮਲੀ ਇਹ ਇੰਦਰਾਜ਼ ਵੀ ਚੈੱਕ ਕੀਤੇ ਜਾਣ।

ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ**